Punjabi



# ਗਰਮੀਆਂ ਵਿੱਚ ਪੜ੍ਹਨਾ

## ਆਪਣੇ ਬੱਚੇ ਦੀ ਸਕੂਲ ਵਿੱਚ ਕਾਮਯਾਬ ਹੋਣ ਵਿੱਚ ਮਦਦ ਕਰੋ !

ਕੀ ਤੁਸੀਂ ਜਾਣਦੇ ਹੋ ਕਿ ਜਿਹੜੇ ਬੱਚੇ ਗਰਮੀਆਂ ਵਿੱਚ ਪੜ੍ਹਦੇ ਹਨ ਉਹ ਸਕੂਲ ਵਿੱਚ ਚੰਗੀ ਕਾਰਗੁਜਾਰੀ ਦਿਖਾਉਂਦੇ ਹਨ?

ਪੜ੍ਹਨ ਵਿੱਚ ਕਾਮਯਾਬ ਹੋਣ ਵਿੱਚ ਆਪਣੇ ਬੱਚੇ ਦੀ ਮਦਦ ਕਰਨ ਦੇ ਢੰਗ:

- ਆਪਣੀ ਸਥਾਨਕ ਲਾਇਬ੍ਰੇਰੀ ਤੋਂ ਬੱਚੇ ਨੂੰ ਲਾਇਬ੍ਰੇਰੀ ਕਾਰਡ ਬਣਾ ਕੇ ਦਿਉ। ਇਹ ਮੁਫਤ ਹੈ !
- ਲਾਇਬ੍ਰੇਰੀ ਦੀ ਫਰੀ ਸਮਰ ਰੀਡਿੰਗ ਕਲੱਬ (ਗਰਮੀਆਂ ਵਿੱਚ ਪੜ੍ਹਨ ਦੀ ਮੁਫਤ ਕਲੱਬ) ਵਿੱਚ ਆਪਣੇ ਬੱਚੇ ਦਾ ਨਾਂ ਲਿਖਵਾਉ।
- ਆਪਣੇ ਬੱਚੇ ਨੂੰ ਹਰ ਰੋਜ਼ ਪੜ੍ਹਨ ਲਈ ਉਤਸ਼ਾਹਿਤ ਕਰੋ। ਜਦੋਂ ਬੱਚੇ ਗਰਮੀਆਂ ਵਿੱਚ ਪੜ੍ਹਦੇ ਹਨ, ਤਾਂ ਉਹ ਪੱਤਝੜ ਵਿੱਚ ਸਕੂਲ ਵਿੱਚ ਚੰਗੀ ਕਾਰਗੁਜਾਰੀ ਦਿਖਾਉਂਦੇ ਹਨ।
- ਆਪਣਿਆਂ ਬੱਚਿਆਂ ਨੂੰ ਉਹਨਾਂ ਦੀ ਪਸੰਦ ਦੀਆਂ ਕਿਤਾਬਾਂ ਚੁਣਨ ਦਿਉ। ਜਦੋਂ ਬੱਚੇ ਪੜ੍ਹਨ ਵਾਲੀ ਚੀਜ਼ ਪਸੰਦ ਕਰਦੇ ਹਨ ਤਾਂ ਉਹ ਜ਼ਿਆਦਾ ਪੜ੍ਹਦੇ ਹਨ ਅਤੇ ਉਹਨਾਂ ਦੀ ਯੋਗਤਾ ਵਿੱਚ ਸੁਧਾਰ ਹੁੰਦਾ ਹੈ।
- ਜਿਹੜੀਆਂ ਕਿਤਾਬਾਂ ਬੱਚੇ ਪੜ੍ਹ ਰਹੇ ਹੋਣ, ਉਹਨਾਂ ਬਾਰੇ ਸਵਾਲ ਪੁੱਛੋ। ਆਪਣੇ ਸ਼ਬਦਾਂ ਵਿੱਚ ਕਿਤਾਬਾਂ ਬਾਰੇ ਦੱਸਣ ਨਾਲ ਉਹਨਾਂ ਨੂੰ ਕਹਾਣੀਆਂ ਨੂੰ ਚੰਗੀ ਤਰ੍ਹਾਂ ਸਮਝਣ ਵਿੱਚ ਮਦਦ ਮਿਲਦੀ ਹੈ।
- ਆਪਣਿਆਂ ਬੱਚਿਆਂ ਨੂੰ ਪੜ੍ਹ ਕੇ ਸੁਣਾਉ ਜਾਂ ਅਵਾਜ਼ ਵਾਲੀਆਂ ਕਿਤਾਬਾਂ (ਆਡੀਓ ਬੁਕਸ) ਨੂੰ ਇਕੱਠੇ ਸੁਣੋ। ਸਾਂਝੀਆਂ ਕਹਾਣੀਆਂ ਬਾਰੇ ਗੱਲਬਾਤ ਕਰਨ ਨਾਲ ਤੁਹਾਡੇ ਬੱਚਿਆਂ ਨੂੰ ਨਵੇਂ ਸ਼ਬਦ ਅਤੇ ਵਿਚਾਰ ਸਿੱਖਣ ਵਿੱਚ ਮਦਦ ਮਿਲੇਗੀ।
- ਇਹ ਦਿਖਾਉ ਕਿ ਤੁਹਾਨੂੰ ਵੀ ਪੜ੍ਹਨਾ ਚੰਗਾ ਲੱਗਦਾ ਹੈ। ਤੁਸੀਂ ਵੀ ਆਪਣੀ ਮਰਜ਼ੀ ਦੀ ਭਾਸ਼ਾ ਵਿੱਚ ਪੜ੍ਹੋ।

*ਤੁਹਾਡੀ ਸਥਾਨਕ ਲਾਇਬ੍ਰੇਰੀ ਇੰਟਰਲਿੰਕ ਦੀ ਮੈਂਬਰ ਹੈ। ਇੰਟਰਲਿੰਕ ਦੱਖਣੀ-ਪੱਛਮੀ ਬ੍ਰਿਟਿਸ਼ ਕੋਲੰਬੀਆ ਦੇ ਅਨੇਕਤਾ ਭਰਪੂਰ ਭਾਈਚਾਰਿਆਂ ਦੀ ਸੇਵਾ ਕਰ ਰਹੀਆਂ ਪਬਲਿਕ ਲਾਇਬ੍ਰੇਰੀਆਂ ਦੀ ਸਾਂਝੇਦਾਰੀ ਹੈ।*

**www.interlinklibraries.ca**

PUBLIC LIBRARY interLINK